SWIS-H
STATEWIDE INFANT
SCREENING - HEARING



# ਮੇਰੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਰਵਾਉਣ ਦੀ ਕਿਉਂ ਲੋੜ ਹੈ?

ਤੁਹਾਡੇ ਬੱਚੇ ਦੇ ਜੀਵਨ ਦੇ ਪਹਿਲੇ ਕੁਝ ਹਫ਼ਤਿਆਂ ਦੌਰਾਨ ਕਈ ਸਿਹਤ ਜਾਂਚਾਂ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਨ੍ਹਾਂ ਵਿਚੋਂ ਇੱਕ ਜਾਂਚ ਸੁਣਨ-ਸ਼ਕਤੀ ਦੇ ਨੁਕਸਾਨ ਨੂੰ ਪਰਖਣ ਲਈ ਹੋਵੇਗੀ। ਸੁਣਨ-ਸ਼ਕਤੀ ਦੀ ਜਾਂਚ ਦੀ ਪੇਸ਼ਕਸ਼, ਜਨਮ ਪਿੱਛੋਂ ਜਿੰਨੀ ਵੀ ਛੇਤੀ ਸੰਭਵ ਹੋ ਸਕੇ, ਕੀਤੀ ਜਾਵੇਗੀ।

ਜੇ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਹਸਪਤਾਲ ਵਿੱਚ ਹੁੰਦਿਆਂ ਅਜਿਹੀ ਜਾਂਚ ਸੰਭਵ ਨਹੀਂ ਹੈ, ਤਾਂ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਛੇਤੀ ਬਾਅਦ ਤੁਹਾਡੇ ਬੱਚੇ ਨੂੰ ਇੱਕ ਆਊਟਪੇਸ਼ੈਂਟ (outpatient) ਵਜੋਂ ਜਾਂ ਇੱਕ ਸਥਾਨਕ ਕਮਿਊਨਿਟੀ ਸਥਾਨ ਉਤੇ ਉਸ ਦੀ ਸੁਣਨ-ਸ਼ਕਤੀ ਦੀ ਜਾਂਚ ਲਈ ਤੁਹਾਨੂੰ ਪੇਸ਼ਕਸ਼ ਕੀਤੀ ਜਾਵੇਗੀ।

## ਮੇਰੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਰਵਾਉਣ ਦੀ ਕਿਉਂ ਲੋੜ ਹੈ?

ਪੈਦਾ ਹੋਣ ਵਾਲੇ ਹਰੇਕ 1,000 ਬੱਚਿਆਂ ਵਿਚੋਂ ਲਗਭਗ ਇੱਕ ਤੋਂ ਦੋ ਬੱਚਿਆਂ ਦੀ ਸੁਣਨ-ਸ਼ਕਤੀ ਕੁੱਝ ਹੱਦ ਤੱਕ ਕਮਜ਼ੋਰ ਹੁੰਦੀ ਹੈ।

ਜਿੰਨੀ ਛੇਤੀ ਵੀ ਸੰਭਵ ਹੋ ਸਕੇ ਇਹ ਪਤਾ ਲਾਉਣਾ ਮਹੱਤਵਪੂਰਣ ਹੁੰਦਾ ਹੈ ਕਿ ਤੁਹਾਡੇ ਬੱਚੇ ਨੂੰ ਕਿੰਨੀ ਚੰਗੀ ਤਰ੍ਹਾਂ ਸੁਣਦਾ ਹੈ ਤਾਂ ਜੋ ਤੁਹਾਨੂੰ ਤੇ ਤੁਹਾਡੇ ਬੱਚੇ ਨੂੰ ਸਹੀ ਸਲਾਹ ਅਤੇ ਸਹਾਇਤਾ ਮਿਲ ਸਕੇ। ਜਦੋਂ ਤੱਕ ਬੱਚੇ ਆਪਣਾ ਪਹਿਲਾ ਸ਼ਬਦ ਬੋਲਦੇ ਹਨ, ਉਸ ਵੇਲੇ ਤੱਕ ਉਨ੍ਹਾਂ ਨੂੰ ਸਾਡੀ ਗੱਲਬਾਤ ਦਾ ਤਰੀਕਾ ਸੁਣਦਿਆਂ ਨੂੰ ਲਗਭਗ ਇੱਕ ਸਾਲ ਬੀਤ ਚੁੱਕਾ ਹੁੰਦਾ ਹੈ।

## ਮੇਰੇ ਬੱਚੇ ਦੀ ਜਾਂਚ ਵਿੱਚ ਕੀ ਸ਼ਾਮਲ ਹੈ?

ਸੁਣਨ-ਸ਼ਕਤੀ ਦੀ ਜਾਂਚ ਕਰਨ ਵਾਲਾ ਇੱਕ ਸਿੱਖਿਅਤ ਮਾਹਿਰ (ਸਕ੍ਰੀਨਰ) ਤੁਹਾਡੇ ਬੱਚੇ ਦੀ ਜਾਂਚ ਉਦੋਂ ਕਰੇਗਾ, ਜਦੋਂ ਤੁਹਾਡਾ ਬੱਚਾ ਸੁੱਤਾ ਪਿਆ ਜਾਂ ਚੁੱਪ ਚਾਪ ਆਰਾਮ ਕਰ ਰਿਹਾ ਹੋਵੇਗਾ। ਇਹ ਜਾਂਚ ਕੀਤੇ ਜਾਣ ਵੇਲੇ ਤੁਸੀਂ ਆਪਣੇ ਬੱਚੇ ਕੋਲ ਮੌਜੂਦ ਰਹਿ ਸਕੋਗੇ।

ਸਕ੍ਰੀਨਰ ਤੁਹਾਡੇ ਬੱਚੇ ਦੇ ਸਿਰ ਉਤੇ ਛੋਟੇ ਸੈਂਸਰ ਪੈਡਜ਼ ਰੱਖੇਗਾ ਅਤੇ ਇੱਕ ਈਅਰਫ਼ੋਨ ਰਾਹੀਂ ਬੱਚੇ ਦੇ ਕੰਨਾਂ ਵਿੱਚ ਟਕ-ਟਕ ਦੀਆਂ ਨਰਮ ਆਵਾਜ਼ਾਂ ਕਰੇਗਾ। ਉਨ੍ਹਾਂ ਆਵਾਜ਼ਾਂ ਪ੍ਰਤੀ ਤੁਹਾਡੇ ਬੱਚੇ ਦੇ ਹੁੰਗਾਰਿਆਂ ਨੂੰ ਇਹ ਸੈਂਸਰ ਪੈਡਜ਼ ਰਿਕਾਰਡ ਕਰਨਗੇ।

ਇਹ ਜਾਂਚ ਆਮ ਤੌਰ ‘ਤੇ ਬੱਚੇ ਵਿੱਚ ਕੋਈ ਘਬਰਾਹਟ ਪੈਦਾ ਨਹੀਂ ਕਰਦੀ। ਇਹ ਜਾਂਚ ਮੁਕੰਮਲ ਹੋਣ ਵਿੱਚ 10-20 ਮਿੰਟ ਲੱਗ ਸਕਦੇ ਹਨ।

## ਨਤੀਜੇ

ਜਿਵੇਂ ਹੀ ਸੁਣਨ-ਸ਼ਕਤੀ ਦੀ ਜਾਂਚ ਮੁਕੰਮਲ ਹੋਵੇਗੀ, ਉਸ ਦੇ ਨਤੀਜਿਆਂ ਦੀ ਵਿਆਖਿਆ ਤੁਹਾਨੂੰ ਸਮਝਾ ਦਿੱਤੀ ਜਾਵੇਗੀ ਅਤੇ ਉਹ ਤੁਹਾਡੇ ਬੱਚੇ ਦੇ ਨਿਜੀ ਸਿਹਤ ਰਿਕਾਰਡ (ਬਲੂ ਬੁੱਕ) (Personal Health Record (Blue Book)) ਵਿੱਚ ਦਰਜ ਕੀਤੀ ਜਾਵੇਗੀ।

ਜੇ ਨਤੀਜੇ ਇਹ ਦਰਸਾਉਂਦੇ ਹੋਣ ਕਿ ਜਾਂਚ ਦੋਬਾਰਾ ਕਰਨੀ ਪਵੇਗੀ, ਤਾਂ ਇਸ ਦਾ ਮਤਲਬ ਜ਼ਰੂਰੀ ਇਹ ਨਹੀਂ ਹੁੰਦਾ ਕਿ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਵਿੱਚ ਨੁਕਸਾਨ ਹੈ। ਇਸ ਨਤੀਜੇ ਦੇ ਹੋਰ ਕਾਰਣ ਵੀ ਹੋ ਸਕਦੇ ਹਨ। ਦੋਬਾਰਾ ਜਾਂਚ ਦਾ ਸਭ ਤੋਂ ਆਮ ਕਾਰਣ ਉਹ ਤਰਲ-ਪਦਾਰਥ ਜਾਂ ਕੋਈ ਰੁਕਾਵਟ ਹੁੰਦੀ ਹੈ ਜੋ ਜਨਮ ਤੋਂ ਬਾਅਦ ਤੁਹਾਡੇ ਬੱਚੇ ਦੇ ਕੰਨ ਵਿੱਚ ਹੋ ਸਕਦੀ ਹੈ।

## ਜਿਉਂ-ਜਿਉਂ ਮੇਰਾ ਬੱਚਾ ਵੱਡਾ ਹੁੰਦਾ ਹੈ, ਮੈਨੂੰ ਕੀ ਕਰਨ ਦੀ ਜ਼ਰੂਰਤ ਹੈ?

ਸੁਣਨ-ਸ਼ਕਤੀ ਸਮਾਂ ਬੀਤਣ ਨਾਲ ਸਦਾ ਇੱਕੋ ਜਿਹੀ ਨਹੀਂ ਰਹਿੰਦੀ।

ਤੁਹਾਡੇ ਬੱਚੇ ਦੇ ਬੋਲਣ ਤੇ ਭਾਸ਼ਾ ਵਿਕਾਸ ਦੇ ਨਾਲ-ਨਾਲ ਆਵਾਜ਼ਾਂ ਪ੍ਰਤੀ ਉਸ ਦੇ ਹੁੰਗਾਰਿਆਂ ਉਤੇ ਨਜ਼ਰ ਰੱਖਣੀ ਮਹੱਤਵਪੂਰਣ ਹੁੰਦੀ ਹੈ।

ਤੁਸੀਂ ਆਪਣੇ ਬੱਚੇ ਦੀ ਪ੍ਰਗਤੀ ਉਤੇ ਨਜ਼ਰ ਰੱਖਣ ਲਈ ਇਸ ਪੰਨੇ ਦੇ ਪਿਛਲੇ ਪਾਸੇ ਦਿੱਤੀ ਚੈਕਲਿਸਟ ਦਾ ਹਵਾਲਾ ਲੈ ਸਕਦੇ ਹੋ।

ਜੇ ਤੁਸੀਂ ਭਵਿੱਖ ਵਿੱਚ ਆਪਣੇ ਬੱਚੇ ਦੀ ਸੁਣਨ-ਸ਼ਕਤੀ ਜਾਂ ਬੋਲਣ ਤੇ ਭਾਸ਼ਾ ਵਿਕਾਸ ਬਾਰੇ ਚਿੰਤਤ ਹੋ, ਤਾਂ ਕ੍ਰਿਪਾ ਕਰ ਕੇ ਆਪਣੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਰਵਾਉਣ ਦਾ ਇੰਤਜ਼ਾਮ ਕਰੋ। ਆਪਣੇ ਪਰਿਵਾਰਕ ਡਾਕਟਰ ਨੂੰ ਕਹੋ ਕਿ ਉਹ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਲਈ ਤੁਹਾਨੂੰ ਕਿਸੇ ਵਾਜਬ ਸੇਵਾ ਕੋਲ ਭੇਜੇ।

ਸੁਣਨ-ਸ਼ਕਤੀ ਦੀ ਜਾਂਚ ਕਿਸੇ ਵੀ ਉਮਰ ਵਿੱਚ ਕੀਤੀ ਜਾ ਸਕਦੀ ਹੈ।

### ਹੋਰ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਹੇਠ ਦਿਤੀ ਵੈਬਸਾਈਟ ਵੇਖੋ:

http://www.health.nsw.gov.au/kids-families

ਸਥਾਨਕ ਸੰਪਰਕ/ਮਿਲਣ ਦੇ ਸਮੇਂ ਦੇ ਵੇਰਵੇ

ਸਿਹਤ ਬਾਰੇ ਸਲਾਹ ਲਈ *healthdirect Australia* ਨਾਲ ਸੰਪਰਕ ਕਰੋ
http://www.healthdirect.gov.au/
**1800 022 222**

NSW GOVERNMENT | Health

SWIS-H
STATEWIDE INFANT
SCREENING - HEARING

# ਸੁਣਨ-ਸ਼ਕਤੀ ਚੈਕਲਿਸਟ

| | |
|---|---|
| ਜਨਮ ਤੋਂ 3 ਮੋਨਟਹਸ | ਉਚੀਆਂ ਆਵਾਜ਼ਾਂ ਨੂੰ ਹੁੰਗਾਰਾ ਦਿੰਦਾ ਹੈ |
| | ਕੁੱਝ ਜਾਣੀਆਂ-ਪਛਾਣੀਆਂ ਆਵਾਜ਼ਾਂ ਜਾਂ ਧੁਨੀਆਂ ਨਾਲ ਚੁੱਪ ਹੋ ਜਾਂਦਾ ਹੈ |
| | ਪਿਆਰੇ ਢੰਗ ਤੇ ਨਰਮੀ ਨਾਲ ਰੌਲਾ ਪਾਉਂਦਾ ਹੈ |
| | ਬੋਲਣ ਵਾਲੇ ਦੇ ਚਿਹਰੇ ਨੂੰ ਵੇਖਦਾ ਹੋਇਆ ਬੋਲਣ 'ਤੇ ਪ੍ਰਤੀਕਰਮ ਪ੍ਰਗਟਾਉਂਦਾ ਹੈ |
| 3-6 ਮਹੀਨੇ | ਧੁਨੀਆਂ ਨੂੰ ਸੁਣ ਕੇ ਅੱਖਾਂ ਜਾਂ ਸਿਰ ਘੁਮਾਉਂਦਾ ਹੈ |
| | ਬੋਲਣ ਵਰਗੀਆਂ ਧੁਨੀਆਂ ਕੱਢਣੀਆਂ ਸ਼ੁਰੂ ਕਰਦਾ ਹੈ |
| | ਇਹ ਦਰਸਾਉਣ ਲਈ ਹੱਸਦਾ ਹੈ ਅਤੇ ਰੌਲਾ ਪਾਉਂਦਾ ਹੈ ਕਿ ਉਹ ਕੀ ਮਹਿਸੂਸ ਕਰ ਰਹੇ ਹਨ |
| 6-9 ਮਹੀਨੇ | ਤੋਤਲੀ ਆਵਾਜ਼ ਵਿੱਚ 'ਦਾਦਾ' 'ਮਾਮਾ' 'ਬਾਬਾ' ਬੋਲਦਾ ਹੈ |
| | ਧਿਆਨ ਖਿੱਚਣ ਲਈ ਚੀਕਦਾ/ਆਵਾਜ਼ਾਂ ਕਢਦਾ ਹੈ |
| | ਅਕਸਰ 'ਨਹੀਂ' ਅਤੇ ਆਪਣੇ ਨਾਮ ਨੂੰ ਹੁੰਗਾਰਾ ਦੇਵੇਗਾ |
| | ਗਾਉਣ ਅਤੇ ਸੰਗੀਤ ਨੂੰ ਹੁੰਗਾਰਾ ਦਿੰਦਾ ਹੈ |
| 9-12 ਮਹੀਨੇ | ਹੋਰਨਾਂ ਦੇ ਬੋਲਣ ਦੀਆਂ ਧੁਨੀਆਂ ਦੀ ਨਕਲ ਕਰਦਾ ਹੈ |
| | ਸਾਧਾਰਣ ਜਿਹੇ ਸ਼ਬਦ ਜਿਵੇਂ 'ਗੇਂਦ', 'ਕੁੱਤਾ', 'ਡੈਡੀ' ਸਮਝਦਾ ਹੈ |
| | ਨਰਮ ਆਵਾਜ਼ਾਂ ਵੱਲ ਸਿਰ ਘੁਮਾਉਂਦਾ ਹੈ |
| | ਪਹਿਲੇ ਸ਼ਬਦ ਬੋਲਦਾ ਹੈ |
| 12-18 ਮਹੀਨੇ | ਹਰ ਹਫ਼ਤੇ ਕੁੱਝ ਨਵੇਂ ਸ਼ਬਦ ਸਮਝਦਾ ਜਾਪਦਾ ਹੈ |
| | ਬੋਲਚਾਲ ਵਾਲੀਆਂ ਸਾਧਾਰਣ ਹਦਾਇਤਾਂ ਦਾ ਪਾਲਣ ਕਰਦਾ ਹੈ, ਜਿਵੇਂ 'ਗੇਂਦ ਨੂੰ ਫੜ' |
| | ਕਹਿਣ 'ਤੇ ਲੋਕਾਂ, ਸਰੀਰ ਦੇ ਹਿੱਸਿਆਂ ਜਾਂ ਖਿਡੌਣਿਆਂ ਵੱਲ ਇਸ਼ਾਰਾ ਕਰਦਾ ਹੈ |
| | ਬੋਲਣ ਲਈ ਨਵੇਂ ਸ਼ਬਦ ਲਗਾਤਾਰ ਸਿੱਖਦਾ ਹੈ ਭਾਵੇਂ ਉਹ ਅਸਪੱਸ਼ਟ ਹੋ ਸਕਦੇ ਹਨ |
| 18-24 ਮਹੀਨੇ | 100-200 ਸ਼ਬਦ ਅਜਿਹੇ ਹੁੰਦੇ ਹਨ ਜਿਹੜੇ ਉਹ ਲਗਾਤਾਰ ਵਰਤਦੇ ਹਨ |
| | ਸਾਧਾਰਣ ਕਹਾਣੀਆਂ ਜਾਂ ਗਾਣੇ ਸੁਣਦਾ ਹੈ |
| | ਛੋਟੇ-ਛੋਟੇ ਵਾਕਾਂ ਵਿੱਚ ਦੋ ਜਾਂ ਹੋਰ ਸ਼ਬਦ ਜੋੜਦਾ ਹੈ ਜਿਵੇਂ 'ਹੋਰ ਜੂਸ' |

ਟਿੱਪਣੀਆਂ:

NSW GOVERNMENT | Health

© NSW Health September 2016 SHPN (NKF) 150171